# ਵਿਦਿਆਰਥੀਆਂ ਦੀ ਸਿੱਖਿਆ ਦਾ ਸਮਰਥਨ ਕਰਨਾ ਅਤੇ ਧਰਮ ਲਈ ਅਨੁਕੂਲਤਾਵਾਂ ਪ੍ਰਦਾਨ ਕਰਨਾ

ਸਾਡਾ ਮੰਨਣਾ ਹੈ ਕਿ ਸਾਡੇ ਸਕੂਲਾਂ ਨੂੰ ਸਾਡੇ ਭਾਈਚਾਰਿਆਂ ਵਿੱਚ ਹਰ ਕਿਸੇ ਲਈ ਸੁਰੱਖਿਅਤ ਅਤੇ ਸਮਾਵੇਸ਼ੀ ਸਥਾਨ ਹੋਣ ਦੀ ਲੋੜ ਹੈ। ਵਾਟਰਲੂ ਰੀਜਨ ਡਿਸਟ੍ਰਿਕਟ ਸਕੂਲ ਬੋਰਡ (WRDSB) *ਓਨਟੈਰੀਓ ਹਿਊਮਨ ਰਾਈਟਸ ਕੋਡ, ਐਜੂਕੇਸ਼ਨ ਐਕਟ, ਸੇਫ ਐਂਡ ਐਕਸੈਪਟਿੰਗ ਸਕੂਲਜ਼ ਐਕਟ,* ਅਤੇ ਹੋਰ ਸੰਬੰਧਿਤ ਕਾਨੂੰਨਾਂ ਨੂੰ ਬਰਕਰਾਰ ਰੱਖਦੇ ਹੋਏ ਅਜਿਹੇ ਸੁਆਗਤ ਕਰਨ ਵਾਲੇ ਸਿੱਖਣ ਦੇ ਵਾਤਾਵਰਣ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ ਜਿੱਥੇ ਹਰ ਕੋਈ ਮਹਿਸੂਸ ਕਰਦਾ ਹੈ ਕਿ ਉਹ ਸਬੰਧਤ ਹੈ।

ਸਕੂਲ ਬਹੁਤ ਸਾਰੇ ਵੱਖ-ਵੱਖ ਪਿਛੋਕੜਾਂ, ਵਿਸ਼ਵਾਸਾਂ ਅਤੇ ਅਨੁਭਵਾਂ ਵਾਲੇ ਵਿਦਿਆਰਥੀਆਂ ਅਤੇ ਪਰਿਵਾਰਾਂ ਦੇ ਬਣੇ ਹੁੰਦੇ ਹਨ। ਅਸੀਂ ਜਾਣਦੇ ਹਾਂ ਕਿ ਪਰਿਵਾਰ ਅਤੇ ਦੇਖਭਾਲ ਕਰਨ ਵਾਲੇ ਵਿਦਿਆਰਥੀਆਂ ਨੂੰ ਵਿਸ਼ਵਾਸਾਂ ਬਾਰੇ ਸਿਖਾਉਣ ਵਿੱਚ ਵੱਡੀ ਭੂਮਿਕਾ ਨਿਭਾਉਂਦੇ ਹਨ। ਵਿਦਿਆਰਥੀਆਂ ਨੂੰ ਉਹਨਾਂ ਦੀ ਪੂਰੀ ਸਮਰੱਥਾ ਤੱਕ ਪਹੁੰਚਣ ਵਿੱਚ ਮਦਦ ਕਰਨ ਲਈ ਸਕੂਲ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਨਾਲ ਕੰਮ ਕਰਦੇ ਹਨ।

## WRDSB ਸਿੱਖਿਅਕਾਂ ਅਤੇ ਪਰਬੰਧਕਾ ਦੀ ਭੂਮਿਕਾ

ਅਸੀਂ ਅਕਾਦਮਿਕਸ ਅਤੇ ਕੁਸ਼ਲਤਾ ਦਾ ਸਮਰਥਨ ਕਰਨ ਲਈ ਪਰਿਵਾਰਾਂ ਅਤੇ ਭਾਈਚਾਰੇ ਦੇ ਲੋਕਾਂ ਨਾਲ ਮਿਲ ਕੇ ਕੰਮ ਕਰਦੇ ਹਾਂ।

## ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਦੀ ਭੂਮਿਕਾ

WRDSB ਨੌਜਵਾਨਾਂ ਨੂੰ ਵਿਸ਼ਵਾਸ ਪ੍ਰਣਾਲੀਆਂ ਨੂੰ ਸਿਖਾਉਣ ਵਿੱਚ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਦਾ ਸਨਮਾਨ ਕਰਦਾ ਹੈ ਅਤੇ ਉਨ੍ਹਾਂ ਨੂੰ ਸਕੂਲ ਨੂੰ ਵਿਦਿਆਰਥੀਆਂ ਦੀਆਂ ਖਾਸ ਲੋੜਾਂ ਬਾਰੇ ਸੂਚਿਤ ਕਰਨਾ ਚਾਹੀਦਾ ਹੈ।

## WRDSB ਦੀ ਭੂਮਿਕਾ

WRDSB ਸਿੱਖਿਅਕ ਓਨਟੈਰੀਓ ਪਾਠਕ੍ਰਮ ਦੇ ਆਧਾਰ 'ਤੇ ਵਿਦਿਆਰਥੀਆਂ ਨੂੰ ਉਮਰ ਦੇ ਅਨੁਕੂਲ ਜਾਣਕਾਰੀ ਸਿਖਾਉਂਦੇ ਹਨ। ਸਾਰੇ ਸਕੂਲ ਬੋਰਡਾਂ ਲਈ ਇਸ ਦੀ ਪਾਲਣਾ ਕਰਨਾ ਲਾਜ਼ਮੀ ਹੈ। ਪਰਿਵਾਰ ਅਤੇ ਦੇਖਭਾਲ ਕਰਨ ਵਾਲੇ ਸਿੱਖਿਆ ਮੰਤਰਾਲੇ ਦੀ ਵੈੱਬਸਾਈਟ 'ਤੇ ਪਾਠਕ੍ਰਮ ਪੜ੍ਹ ਸਕਦੇ ਹਨ।

## ਧਰਮ ਲਈ ਅਨੁਕੂਲਤਾ

WRDSB ਸੁਰੱਖਿਅਤ ਅਤੇ ਸੁਆਗਤ ਕਰਨ ਵਾਲੇ ਸਕੂਲਾਂ ਦਾ ਸਮਰਥਨ ਕਰਦਾ ਹੈ ਜਿੱਥੇ ਸਾਰੇ ਵਿਦਿਆਰਥੀ ਸੁਆਗਤ ਕੀਤਾ ਗਿਆ ਅਤੇ ਸ਼ਾਮਲ ਕੀਤਾ ਗਿਆ ਮਹਿਸੂਸ ਕਰਦੇ ਹਨ। ਸਾਡੇ ਲਈ *ਕਨੇਡੀਅਨ ਚਾਰਟਰ ਔਫ ਰਾਈਟਸ ਐਂਡ ਫਰੀਡਮਜ਼, ਓਨਟੈਰੀਓ ਹਿਊਮਨ ਰਾਈਟਸ ਕੋਡ* ਨੂੰ ਬਰਕਰਾਰ ਰੱਖਣਾ ਅਤੇ ਕੋਡ ਦੀਆਂ ਸੀਮਾਵਾਂ ਦੇ ਅੰਦਰ ਧਰਮ ਸੰਬੰਧੀ ਅਨੁਕੂਲਤਾਵਾਂ ਪ੍ਰਦਾਨ ਕਰਨਾ ਲਾਜ਼ਮੀ ਹੈ। ਇਹਨਾਂ ਅਨੁਸਾਰ ਇੱਕ ਵਿਦਿਆਰਥੀ ਆਪਣੇ ਧਰਮ ਦੇ ਅਧਾਰ ਤੇ ਆਪਣੇ ਵਿਸ਼ਵਾਸਾਂ ਨੂੰ ਪ੍ਰਗਟ ਕਰ ਸਕਦਾ ਹੈ। ਮਨੁੱਖੀ ਅਧਿਕਾਰਾਂ ਦਾ ਕਾਨੂੰਨ ਪ੍ਰਗਟਾਵੇ ਦੀ ਆਜ਼ਾਦੀ ਦੀਆਂ ਸੀਮਾਵਾਂ ਨੂੰ ਨਿਰਧਾਰਤ ਕਰਦਾ ਹੈ, ਅਤੇ ਇਹ ਸਾਡੀ ਪਹੁੰਚ ਦੀ ਅਗਵਾਈ ਕਰਦਾ ਹੈ। ਬੋਰਡ ਪਾਠਕ੍ਰਮ ਦੇ ਅੰਦਰ ਵਿਦਿਆਰਥੀਆਂ ਨੂੰ ਸ਼ਾਮਲ ਕਰਨ ਲਈ ਵਿਅਕਤੀਗਤ ਤੌਰ 'ਤੇ ਉਚਿਤ ਯਤਨ ਕਰੇਗਾ।

**ਹਾਲਾਂਕਿ, ਓਨਟੈਰੀਓ ਹਿਊਮਨ ਰਾਈਟਸ ਕੋਡ ਦੇ ਨਾਲ ਇਕਸਾਰਤਾ ਵਿੱਚ, ਬੋਰਡ ਵਿਦਿਆਰਥੀਆਂ ਨੂੰ ਸਿਹਤ ਅਤੇ ਸਰੀਰਕ ਸਿੱਖਿਆ ਪਾਠਕ੍ਰਮ ਦੇ ਸਟ੍ਰੈਂਡ ਡੀ ਤੋਂ ਬਾਹਰ, ਸੁਰੱਖਿਅਤ ਪਛਾਣਾਂ ਨੂੰ ਸੰਬੋਧਿਤ ਕਰਨ ਵਾਲੇ ਸਿੱਖਣ ਦੇ ਮੌਕਿਆਂ ਤੋਂ ਬਾਹਰ ਰਹਿਣ ਦੀ ਇਜਾਜ਼ਤ ਨਹੀਂ ਦੇ ਸਕਦਾ।**

# ਸਿਖਲਾਈ ਤੋਂ ਛੋਟ ਕਿਵੇਂ ਪ੍ਰਾਪਤ ਕੀਤੀ ਜਾਵੇ - ਮਨੁੱਖੀ ਵਿਕਾਸ ਅਤੇ ਜਿਨਸੀ ਸਿਹਤ ਸੰਬੰਧੀ ਅਪੇਖਿਆਵਾਂ, ਗ੍ਰੇਡ 1-8

ਓਨਟੈਰੀਓ ਦਾ ਸਿੱਖਿਆ ਮੰਤਰਾਲਾ ਸਾਰੇ ਸਕੂਲ ਬੋਰਡਾਂ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਦੀ ਬੇਨਤੀ 'ਤੇ, ਗ੍ਰੇਡ 1-8 ਲਈ ਸਿਹਤ ਅਤੇ ਸਰੀਰਕ ਸਿੱਖਿਆ ਪਾਠਕ੍ਰਮ ਦੇ ਸਟ੍ਰੈਂਡ ਡੀ ਤੋਂ ਛੋਟ ਦੇਣ ਦੀ ਇਜਾਜ਼ਤ ਦਿੰਦਾ ਹੈ। ਛੋਟ ਫਾਰਮ ਹਰ ਸਕੂਲੀ ਸਾਲ ਭਰਿਆ ਜਾਣਾ ਲਾਜ਼ਮੀ ਹੈ।

ਸਾਰੇ ਸਕੂਲ ਬੋਰਡਾਂ ਵਿੱਚ, ਵਿਦਿਆਰਥੀਆਂ ਨੂੰ ਇਸ ਪਾਠਕ੍ਰਮ ਵਿੱਚ ਕੋਈ ਹੋਰ ਅਪੇਖਿਆਵਾਂ ਜਾਂ ਪਾਠਕ੍ਰਮ ਦੇ ਦੂਜੇ ਵਿਸ਼ਿਆਂ ਵਿੱਚ ਅਪੇਖਿਆਵਾਂ ਨਾਲ ਸਬੰਧਤ ਸਿਖਲਾਈ ਤੋਂ ਛੋਟ ਨਹੀਂ ਦਿੱਤੀ ਜਾ ਸਕਦੀ। ਪੂਰੇ ਸਟ੍ਰੈਂਡ ਡੀ ਲਈ ਛੋਟਾਂ ਦਿੱਤੀਆਂ ਜਾ ਸਕਦੀਆਂ ਹਨ, ਪਰ ਸਟ੍ਰੈਂਡ ਦੇ ਅੰਦਰ ਖਾਸ ਅਪੇਖਿਆਵਾਂ ਜਾਂ ਵਿਸ਼ਿਆਂ ਲਈ ਨਹੀਂ ਦਿੱਤੀਆਂ ਜਾਂਦੀਆਂ ਹਨ।

20 ਦਿਨ

ਸਿਖਲਾਈ ਦੀ ਮਿਆਦ ਤੋਂ ਪਹਿਲਾਂ ਦਿਨਾਂ ਦੀ ਘੱਟੋ-ਘੱਟ ਗਿਣਤੀ ਜਦੋਂ ਸਕੂਲ ਗ੍ਰੇਡ ਲਈ ਮਨੁੱਖੀ ਵਿਕਾਸ ਅਤੇ ਜਿਨਸੀ ਸਿਹਤ ਦੀਆਂ ਅਪੇਖਿਆਵਾਂ ਨੂੰ ਸਾਂਝਾ ਕਰਨਗੇ।

ਪਰਿਵਾਰ ਅਤੇ ਦੇਖਭਾਲ ਕਰਨ ਵਾਲੇ ਹਰ ਬੱਚੇ ਲਈ ਇੱਕ ਛੋਟ ਫਾਰਮ (IS-20-HPE) ਭਰ ਕੇ ਆਪਣੇ ਬੱਚੇ ਨੂੰ ਮਨੁੱਖੀ ਵਿਕਾਸ ਅਤੇ ਜਿਨਸੀ ਸਿਹਤ ਨਾਲ ਸਬੰਧਤ ਸਿਖਲਾਈ ਤੋਂ ਛੋਟ ਦੇਣ ਦੀ ਚੋਣ ਕਰ ਸਕਦੇ ਹਨ। ਛੋਟਾਂ ਲਈ ਜ਼ੁਬਾਨੀ ਬੇਨਤੀਆਂ ਸਵੀਕਾਰ ਨਹੀਂ ਕੀਤੀਆਂ ਜਾਂਦੀਆਂ ਹਨ।

ਸਕੂਲ ਹਰ ਸਕੂਲੀ ਸਾਲ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਛੋਟ ਫਾਰਮ ਉਪਲਬਧ ਕਰਾਉਣਗੇ।

ਪੂਰੇ ਕੀਤੇ ਗਏ ਛੋਟ ਫਾਰਮਾਂ ਲਈ ਅੰਤਮ ਤਾਰੀਖਾਂ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਸਪਸ਼ਟ ਤੌਰ 'ਤੇ ਦੱਸੀਆਂ ਜਾਣਗੀਆਂ।

ਸਿਖਲਾਈ ਦੀਆਂ ਤਾਰੀਖਾਂ ਵਿੱਚ ਤਬਦੀਲੀਆਂ ਦੇ ਨੋਟਿਸਾਂ ਬਾਰੇ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਜਿੰਨੀ ਜਲਦੀ ਹੋ ਸਕੇ ਸਪਸ਼ਟ ਤੌਰ 'ਤੇ ਦੱਸਿਆ ਜਾਵੇਗਾ।

ਭਰੇ ਹੋਏ ਛੋਟ ਫਾਰਮ ਵਾਲੇ ਵਿਦਿਆਰਥੀਆਂ ਲਈ ਕੋਈ ਅਕਾਦਮਿਕ ਜੁਰਮਾਨੇ ਨਹੀਂ ਹੋਣਗੇ।

## ਆਪਣੇ ਸਵਾਲਾਂ ਜਾਂ ਚਿੰਤਾਵਾਂ ਨੂੰ ਸਾਂਝਾ ਕਰੋ

ਅਸੀਂ ਵਿਦਿਆਰਥੀਆਂ ਦੀ ਪ੍ਰਾਪਤੀ ਅਤੇ ਕੁਸ਼ਲਤਾ ਦਾ ਸਮਰਥਨ ਕਰਨ ਲਈ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ, ਸਟਾਫ ਅਤੇ ਭਾਈਚਾਰੇ ਨਾਲ ਮਿਲ ਕੇ ਕੰਮ ਕਰਨ ਲਈ ਵਚਨਬੱਧ ਹਾਂ। ਜੇ ਤੁਹਾਡੇ ਕੋਲ ਪਾਠਕ੍ਰਮ ਬਾਰੇ ਜਾਂ ਤੁਹਾਡੇ ਬੱਚੇ ਦੀ ਸਿੱਖਣ ਵਿੱਚ ਸਹਾਇਤਾ ਕਰਨ ਬਾਰੇ ਖਾਸ ਸਵਾਲ ਹਨ ਤਾਂ:

1. **ਆਪਣੇ ਬੱਚੇ ਦੇ ਅਧਿਆਪਕ ਨਾਲ ਗੱਲ ਕਰੋ**
2. **ਆਪਣੇ ਸਕੂਲ ਦੇ ਪ੍ਰਿੰਸੀਪਲ ਨਾਲ ਗੱਲ ਕਰੋ**
3. **ਆਪਣੇ ਵਿਦਿਆਰਥੀਆਂ ਦੀ ਪ੍ਰਾਪਤੀ ਅਤੇ ਕੁਸ਼ਲਤਾ ਦੇ ਸਕੂਲ ਸੁਪਰਡੈਂਟ ਨਾਲ ਗੱਲ ਕਰੋ**

ਚਿੰਤਾਵਾਂ ਨੂੰ ਹੱਲ ਕਰਨ ਦੀ ਪ੍ਰਕਿਰਿਆ ਬਾਰੇ ਹੋਰ ਜਾਣਨ ਲਈ WRDSB ਦੀ ਵੈੱਬਸਾਈਟ ਤੇ 'ਜਾਓ